# B.C.M.SCHOOL, BASANT AVENUE,DUGRI

**Class-V** **PUNJABI ASSIGNMENT**

## ਅਣਡਿੱਠਾ ਪੈਰਾ

ਸਾਡੀ ਧਰਤੀ "ਨੀਲੇ ਗ੍ਰਹਿ" ਦੇ ਨਾਮ ਨਾਲ ਵੀ ਜਾਣੀ ਜਾਂਦੀ ਹੈ ਕਿਉਂਕਿ ਇਸ ਦਾ ਵੱਡਾ ਹਿੱਸਾ ਪਾਣੀ ਨਾਲ ਢੱਕਿਆ ਹੋਇਆ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਇਸ ਪਾਣੀ ਵਿੱਚੋਂ ਬਹੁਤ ਘੱਟ ਹਿੱਸਾ ਹੀ ਪੀਣ ਵਾਲੇ ਕੰਮ ਆਉਂਦਾ ਹੈ। ਮਿੱਠਾ ਪਾਣੀ ਨਦੀਆਂ, ਝੀਲਾਂ ਅਤੇ ਹਿਮਾਲਿਆ ਦੀਆਂ ਬਰਫ਼ ਦੀਆਂ ਚੋਟੀਆਂ ਵਿੱਚ ਮਿਲਦਾ ਹੈ। ਜੇ ਮਨੁੱਖ ਪਾਣੀ ਨੂੰ ਬਰਬਾਦ ਕਰੇ ਤਾਂ ਭਵਿੱਖ ਵਿੱਚ ਪੀਣ ਲਈ ਪਾਣੀ ਘੱਟ ਪੈ ਸਕਦਾ ਹੈ। ਇਸ ਲਈ ਹਰ ਕਿਸੇ ਦਾ ਫਰਜ਼ ਹੈ ਕਿ ਉਹ ਪਾਣੀ ਦੀ ਬਚਤ ਕਰੇ ਅਤੇ ਇਸ ਦਾ ਸਹੀ ਉਪਯੋਗ ਕਰੇ।

1.ਧਰਤੀ ਨੂੰ ਹੋਰ ਕਿਹੜੇ ਨਾਮ ਨਾਲ ਜਾਣਿਆ ਜਾਂਦਾ ਹੈ?

a) ਹਰਾ ਗ੍ਰਹਿ

b) ਨੀਲਾ ਗ੍ਰਹਿ ✔

c) ਸੂਰਜ ਗ੍ਰਹਿ

d) ਜਾਦੂਈ ਗ੍ਰਹਿ

2.ਧਰਤੀ ਦਾ ਵੱਡਾ ਹਿੱਸਾ ਕਿਸ ਨਾਲ ਢੱਕਿਆ ਹੋਇਆ ਹੈ?

a) ਰੇਤ ਨਾਲ

b) ਪਾਣੀ ਨਾਲ(✔)

(c) ਬਰਫ਼ ਨਾਲ

d) ਪੱਥਰਾਂ ਨਾਲ

3.ਪੀਣ ਵਾਲਾ ਪਾਣੀ ਕਿੱਥੋਂ ਮਿਲਦਾ ਹੈ?

a) ਸਮੁੰਦਰਾਂ ਤੋਂ

b) ਨਦੀਆਂ, ਝੀਲਾਂ ਅਤੇ ਬਰਫ਼ ਦੀਆਂ ਚੋਟੀਆਂ ਤੋਂ

c) ਧਰਤੀ ਦੇ ਅੰਦਰੋਂ(✅)

d) ਹਵਾ ਵਿੱਚ

4.ਜੇ ਮਨੁੱਖ ਪਾਣੀ ਬਰਬਾਦ ਕਰੇ ਤਾਂ ਕੀ ਹੋ ਸਕਦਾ ਹੈ?

a) ਪਾਣੀ ਵਧ ਜਾਵੇਗਾ

b) ਪੀਣ ਲਈ ਪਾਣੀ ਘੱਟ ਹੋ ਜਾਵੇਗਾ(✅)

c) ਨਦੀਆਂ ਸੁੰਦਰ ਹੋ ਜਾਣਗੀਆਂ

d) ਸਮੁੰਦਰ ਸਾਫ਼ ਹੋ ਜਾਣਗੇ

5.ਪੈਰੇ ਅਨੁਸਾਰ ਹਰ ਕਿਸੇ ਦਾ ਕੀ ਫ਼ਰਜ਼ ਹੈ?

a) ਪਾਣੀ ਦੀ ਬਰਬਾਦੀ ਕਰਨੀ

b) ਪਾਣੀ ਦੀ ਬਚਤ ਅਤੇ ਸਹੀ ਉਪਯੋਗ ਕਰਨਾ(✅)

c) ਪਾਣੀ ਨਾਲ ਖੇਡਣਾ

d) ਪਾਣੀ ਵੇਚਣਾ

1. ਡਿੱਠਾ ਪੈਰਾ

ਕੁਲਫੀਆਂ ਸਾਰਿਆਂ ਨੂੰ ਭਾਈ ਨੇ ਸੀ ਦਿੱਤੀਆਂ।
ਚੂਸ-ਚੂਸ ਖਾਧੀਆਂ ਠੰਡੀਆਂ ਤੇ ਮਿੱਠੀਆਂ
ਸੱਚੀ ਮੁੱਚੀ ਅੱਜ ਸਾਨੂੰ ਬੜਾ ਮਜ਼ਾ ਆਇਆ
ਠੰਡੀ-ਠਾਰ ਕੁਲਫੀ ਦਾ ਹੋਕਾ ਉਹਨੇ ਲਾਇਆ।

ਉੱਪਰ ਦਿੱਤੇ ਕਾਵਿ ਟੋਟੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ:-

ਪ੍ਰ:-ਉਪਰੋਕਤ ਕਾਵਿ ਟੋਟਾ ਕਿਸ ਕਵਿਤਾ ਵਿੱਚੋਂ ਲਿਆ ਗਿਆ ਹੈ?

ਉੱ:-ਠੰਡੀ-ਠਾਰ ਕੁਲਫੀ

ਪ੍ਰ:-ਭਾਈ ਨੇ ਕੀ ਹੋਕਾ ਲਗਾਇਆ?

ਉੱ:-ਠੰਢੀ-ਠਾਰ ਕੁਲਫੀ ਦਾ

ਪ੍ਰ:-ਉਪਰੋਕਤ ਕਾਵਿ ਟੋਟੇ ਵਿੱਚ ਆਏ ਸਮਾਸੀ ਸ਼ਬਦ ਲਿਖੋ?

ਉੱ:-ਚੂਸ-ਚੂਸ, ਠੰਢੀ-ਠਾਰ

**ਅਤਿ ਛੋਟੇ ਪ੍ਰਸ਼ਨ ਉੱਤਰ:-**

ਪ੍ਰ:-ਬੋਹੜ ਦੇ ਰੁੱਖ ਤੇ ਕੀ ਲੱਗੀਆਂ ਸਨ?

ਉੱ:- ਨਿੱਕੀਆਂ ਨਿੱਕੀਆਂ ਗੋਲ੍ਹਾਂ

ਪ੍ਰ:-ਗ੍ਰਾਹਮ ਬੈਲ ਨੇ ਕਿਹੜੇ ਸਕੂਲ ਵਿੱਚ ਨਿਸ਼ਚਿਤ ਪਾਠਕ੍ਰਮ ਨਹੀਂ ਪੜ੍ਹਿਆ?

ਉੱ:-ਰਿਯਾਨ ਹਾਈ ਸਕੂਲ।

**ਛੋਟੇ ਪ੍ਰਸ਼ਨ ਉੱਤਰ:-**

ਪ੍ਰ:-ਕਾਮਯਾਬੀ ਕਿਸ ਤਰ੍ਹਾਂ ਹਾਸਲ ਹੁੰਦੀ ਹੈ?

ਉੱ:-ਮਿਹਨਤ ਅਤੇ ਲਗਨ ਨਾਲ।

ਪ੍ਰ:-ਗ੍ਰਾਹਮ ਬੈਲ ਨੂੰ ਕਿਸ ਵਿਗਿਆਨ ਵਿੱਚ ਰੁਚੀ ਸੀ?

ਉੱ:-ਧੁਨੀ ਵਿਗਿਆਨ

ਪ੍ਰ:-ਜੇ ਦਾਈ ਦੇਣ ਵਾਲਾ ਬੱਚਾ ਸਾਰਿਆਂ ਨੂੰ ਲੱਭ ਲਵੇ ਤਾਂ ਦਾਈ ਕਿਸ ਦੇ ਸਿਰ ਆਉਂਦੀ ਹੈ?

ਉੱ:-ਜਿਸ ਬੱਚੇ  ਨੂੰ ਉਸ ਨੇ ਸਭ ਤੋਂ ਪਹਿਲਾਂ ਲੱਭਿਆ ਸੀ ਦਾਈ ਉਹਦੇ ਸਿਰ ਆ ਜਾਂਦੀ ਹੈ।

## ਵੱਡੇ ਪ੍ਰਸ਼ਨ ਉੱਤਰ:-

ਪ੍ਰ:-ਕਾਦਰ ਦੀ ਕੁਦਰਤ ਬੜੀ ਬੇਅੰਤ ਹੈ ਇਸ ਬਾਰੇ ਆਪਣੇ ਵਿਚਾਰ  ਲਿਖੋ?

ਉੱ:-ਕੁਦਰਤ ਵਿੱਚ ਹਰ ਚੀਜ਼ ਮਨੁੱਖ ਦੀ ਭਲਾਈ ਲਈ ਹੈ। ਸਾਨੂੰ ਕੁਦਰਤ ਦਾ ਸਤਿਕਾਰ ਕਰਨਾ ਅਤੇ ਇਸ ਦੀ ਰੱਖਿਆ ਕਰਨੀ ਚਾਹੀਦੀ ਹੈ ਅਤੇ ਹਰ ਚੀਜ਼ ਦੇ ਮਹੱਤਵ ਨੂੰ ਸਮਝਣਾ ਚਾਹੀਦਾ ਹੈ।

ਪ੍ਰ:- ਖੇਡਾਂ  ਸਾਡੇ ਸਰੀਰ ਨੂੰ ਤੰਦਰੁਸਤ ਕਿਵੇਂ ਰੱਖਦੀਆਂ ਹਨ?

ਉੱ:-ਕਿਉਂਕਿ ਖੇਡਣ ਨਾਲ  ਸਰੀਰ ਦੀ ਕਸਰਤ ਹੁੰਦੀ ਹੈ  ਜਦੋਂ ਅਸੀਂ ਦੌੜਦੇ ਜਾਂ ਕੁੱਦਦੇ ਹਾਂ ਤਾਂ ਸਾਡੀਆਂ ਨਸਾਂ ਵਿੱਚ ਖ਼ੂਨ ਤੇਜ਼ੀ ਨਾਲ ਦੌੜਦਾ ਹੈ  ਜਿਸ ਨਾਲ ਸਾਡੇ ਸਰੀਰ ਵਿੱਚ ਨਵੀਂ ਤਾਜ਼ਗੀ ਆਉਂਦੀ ਹੈ।

ਮੁੱਲ ਪਰਖ ਪ੍ਰਸ਼ਨ:-

ਪ੍ਰ:-ਅਲੈੱਗਜੈਂਡਰ ਗ੍ਰਾਹਮ ਬੈੱਲ ਦੇ ਜੀਵਨ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ?

ਉੱ:-ਗ੍ਰਾਹਮ ਬੈਲ ਦੇ ਜੀਵਨ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ  ਕੀ ਮਨੁੱਖ ਨੂੰ ਹਮੇਸ਼ਾ ਮਿਹਨਤ ਅਤੇ ਲਗਨ ਨਾਲ ਕੰਮ ਕਰਨਾ ਚਾਹੀਦਾ ਹੈ  ਤਾਂ ਅਸੰਭਵ ਵੀ ਸੰਭਵ ਬਣ ਜਾਂਦਾ ਹੈ।

ਸ਼ਬਦ ਅਰਥ:-ਮੰਜ਼ਲ-ਉਦੇਸ਼, ਹੁਨਰ-  ਯੋਗਤਾ

ਵਾਕ ਬਣਾਓ:-ਸਧਾਰਨ, ਖਾਣਾ

**ਕਿਸ ਨੇ ਕਿਸ ਨੂੰ ਕਹੇ:-**

**ਜੇ ਗੋਲ ਦੀ ਥਾਂ ਬੋਹੜ ਉਪਰੋ ਹਦਵਾਣਾ ਮੇਰੇ ਨੱਕ ਉੱਪਰ ਵੱਜਦਾ ਤਾਂ ਮੈਂ ਵੀ ਨਹੀਂ ਸੀ ਲੱਭਣਾ।**

**ਆਦਮੀ ਨੇ ਰੱਬ ਨੂੰ ਕਹੇ।**

**ਖਾਲੀ ਥਾਂ ਭਰੋ:-**

**____ਦੇਸੀ__ਖੇਡਾਂ ਨੂੰ ਮੁੜ ਸੁਰਜੀਤ ਕਰੋ।**

**ਵਿਆਕਰਨ:-**

**ਪ੍ਰ:-ਭੂਤ ਕਾਲ ਤੋਂ ਕੀ ਭਾਵ ਹੈ? ਇਸ ਦੀ ਇੱਕ ਉਦਾਹਰਨ ਵੀ ਲਿਖੋ?**

**ਉੱ:-ਜੋ ਕਿਰਿਆ ਬੀਤ ਚੁੱਕੇ ਸਮੇਂ ਵਿੱਚ ਹੋਈ ਹੋਵੇ।**

**ਸੁਧੀਰ ਨੇ ਖਾਣਾ ਖਾਂਧਾ।**

**ਪ੍ਰ:-ਚੋਰ ਚੋਰੀ ਕਰਕੇ ਚਲਾ ਗਿਆ। (ਕਿਰਿਆ ਦੀ ਕਿਸਮ ਲਿਖੋ।)**

**ਸਕਰਮਕ ਕਿਰਿਆ**

**ਪ੍ਰ:-ਕਰਮ ਤੋ ਬਿਨਾ ਕਿਹੜੀ ਕਿਰਿਆ ਕਹਾਉਂਦੀ ਹੈ?**

**ੳ)ਸਕਰਮਕ ਕਿਰਿਆ (✓)ਅ) ਅਕਰਮਕ ਕਿਰਿਆ ੲ)ਸਹਾਇਕ ਕਿਰਿਆ**

**ਦਰਵਾਜੇ ਤੇ ਭਿਖਾਰੀ ਆਇਆ। ਉਪਰੋਕਤ ਵਾਕ ਦਾ ਸਹੀ ਲਿੰਗ ਬਦਲੋ।**

**ਦਰਵਾਜੇ ਤੇ ਭਿਖਾਰਨ ਆਈ।**

**ਕਵੀ ਕਵਿਤਾ ਲਿਖਦਾ ਹੈ । ਰੇਖਾਂਕਿਤ ਸ਼ਬਦ ਦਾ ਸਹੀ ਵਚਨ ਬਦਲੋ:-**

**ੳ)ਕਵਿਤਾਵਾ ਅ) ਕਵਿਤਾਵਾਂ(✓) ੲ) ਕਵੀਤਾਵਾਂ**

ਬੰਦਾ ਸਿੰਘ ਬਹਾਦਰ ਨੇ ਸਰਹੰਦ ਨੂੰ ਜਿੱਤ ਲਿਆ। ਵਾਕ ਲਈ ਸਹੀ ਮੁਹਾਵਰਾ ਚੁਣੋ:-

ੳ)ਪਾਪੜ ਵੇਲਣੇ ਅ)ਕੰਨ ਭਰਨੇ ੲ)ਸਰ ਕਰਨਾ(✅)

ਸਾਡੇ ਘਰ ਦੋ ਦਿਨਾਂ ਤੋਂ ਲਗਾਤਾਰ ਪਾਠ ਚੱਲ ਰਿਹਾ ਹੈ। ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਚੁਣੋ:-

ੳ)ਸਹਿਜ ਪਾਠ ਅ) ਸੰਪਟ ਪਾਠ ੲ) ਅਖੰਡ ਪਾਠ (✅)

ਕਥਨ (A): ਕਾਲ (Tense) ਵਾਕ ਵਿੱਚ ਸਮਾਂ ਦੱਸਦਾ ਹੈ।

ਕਾਰਨ (R): ਵਰਤਮਾਨ, ਭੂਤ ਅਤੇ ਭਵਿੱਖ – ਇਹ ਕਾਲ ਦੇ ਤਿੰਨ ਮੁੱਖ ਰੂਪ ਹਨ।

👉 a) ਦੋਵੇਂ ਸਹੀ ਹਨ ਅਤੇ ਕਾਰਨ ਕਥਨ ਦੀ ਸਹੀ ਵਿਆਖਿਆ ਕਰਦਾ ਹੈ।(✅)

👉 b) ਦੋਵੇਂ ਸਹੀ ਹਨ ਪਰ ਕਾਰਨ ਕਥਨ ਦੀ ਵਿਆਖਿਆ ਨਹੀਂ ਕਰਦਾ।

👉 c) ਕਥਨ ਸਹੀ ਹੈ ਪਰ ਕਾਰਨ ਗਲਤ ਹੈ।

👉 d) ਕਥਨ ਗਲਤ ਹੈ ਪਰ ਕਾਰਨ ਸਹੀ ਹੈ।